**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ**
**(ਵਜੀਫਾ ਸ਼ਾਖਾ)**

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)
ਪੰਜਾਬ ਰਾਜ।

ਮੀਮੋ ਨੰ: 16/1-2013 ਵਜੀਫਾ (3)
ਮਿਤੀ: ਐਸ.ਏ.ਐਸ ਨਗਰ। 05-09-2014

ਵਿਸ਼ਾ: **ਆਸ਼ੀਰਵਾਦ ਪੋਰਟਲ ਤੇ ਪੋਸਟ ਮੈਟ੍ਰਿਕ ਐਸ.ਸੀ/ ਬੀ.ਸੀ ਸਬੰਧੀ ਕੋਰਸਾ ਦੀਆਂ ਫੀਸਾ ਦੀ ਪ੍ਰਵਾਨਗੀ ਸਬੰਧੀ।**

***********

ਉਪਰੋਕਤ ਵਿਸ਼ੇ ਸਬੰਧੀ ਵਿਭਾਗ ਵੱਲੋਂ ਆਸ਼ੀਰਵਾਦ ਪੋਰਟਲ ਤੇ ਪੋਸਟ ਮੈਟ੍ਰਿਕ ਐਸ.ਸੀ/ ਬੀ.ਸੀ ਸਬੰਧੀ ਕੋਰਸਾ ਦੀਆਂ ਫੀਸਾ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਸਬੰਧੀ ਆਪਨੂੰ ਲਿਖਿਆ ਜਾਂਦਾ ਹੈ ਕਿ ਆਪਦੇ ਅਧੀਨ ਆਉਂਦੇ ਸਕੂਲ ਦੀ Institute I.D ਤੇ ਫੀਸਾਂ ਦਾ ਸਟੇਟਸ ਚੈਕ ਕਰਵਾਉਂਦੇ ਹੋਏ ਇਹ ਨਿਸ਼ਚਿਤ ਕੀਤਾ ਜਾਵੇ ਕਿ ਆਪਦੇ ਅਧੀਨ ਆਉਂਦੇ ਸਕੂਲਾਂ ਵਿੱਚ ਇਸ ਸਕੀਮ ਤਹਿਤ ਚੱਲ ਰਹੇ ਸਾਰੇ ਕੋਰਸਾ ਦੀ ਫੀਸਾਂ ਨੂੰ ਪ੍ਰਵਾਨਗੀ ਮਿਲ ਗਈ ਹੈ। ਜੇਕਰ ਕਿਸੇ ਕੋਰਸ ਨੂੰ ਪ੍ਰਵਾਨਗੀ ਮਿਲਣ ਤੋਂ ਰਹਿ ਗਈ ਹੈ ਤਾਂ ਇਸ ਸਬੰਧੀ ਉਹ ਸਕੂਲ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਨੂੰ ਤੁਰੰਤ ਸੂਚਿਤ ਕਰੇ। ਜਿਸ ਉਪਰੰਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਵੱਲੋਂ ਮਿਤੀ 09.09.2014 ਤੱਕ ਇਸ ਸਬੰਧੀ ਇਸ ਦਫਤਰ ਨੂੰ ਸੂਚਿਤ ਕਰਨਾ ਯਕੀਨੀ ਬਨਾਉਣਗੇ ਤਾਂ ਜੋ ਪੋਸਟ ਮੈਟ੍ਰਿਕ ਐਸ.ਸੀ/ ਬੀ.ਸੀ ਸਕੀਮ ਤਹਿਤ ਵਿਦਿਆਰਥੀਆਂ ਦੇ ਵਜੀਫੇ ਦੇ ਫਾਰਮ ਭਰਨ ਦੀ ਅੰਤਿਮ 15.09.2014 ਹੈ। ਇਸ ਲਈ ਇਸ ਵਿੱਚ ਕਿਸੇ ਵੀ ਪ੍ਰਕਾਰ ਦੀ ਅਣਗਹਿਲੀ ਨਾ ਵਰਤੀ ਜਾਵੇ।

ਨੋਟ: **ਇਥੇ ਇਹ ਵੀ ਦਸਣਾ ਜਰੂਰੀ ਹੋਵੇਗਾ ਕਿ ਜਿਨ੍ਹਾਂ ਸਕੂਲਾ ਦੀਆਂ ਕੋਰਸਾਂ ਦੀਆਂ ਫੀਸਾ ਇਸ ਦਫਤਰ ਵੱਲੋਂ ਵੈਰੀਫਾਈ ਨਹੀਂ ਕੀਤੀਆਂ ਗਈਆਂ ਉਹਨਾਂ ਸਕੂਲਾਂ ਦੇ ਵਿਦਿਆਰਥੀਆਂ ਦੇ ਇਸ ਸਕੀਮ ਤਹਿਤ ਫਾਰਮ ਨਹੀਂ ਭਰੇ ਜਾ ਸਕਦੇ।**

5/9/14

**ਵਿਸ਼ੇਸ਼ ਕਾਰਜ ਅਫਸਰ (ਵਜੀਫਾ)**

ਪਿੱਠ ਅੰਕਣ ਨੰ: --ਉਕਤ-- ਮਿਤੀ: ਐਸ.ਏ.ਐਸ ਨਗਰ

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ, ਨਾਭਾ ਅਤੇ ਫਰੀਦਕੋਟ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਨੂੰ ਉਕਤ ਅਨੁਸਾਰ ਸੂਚਨਾਂ ਤੁਰੰਤ ਡਾਇਰੈਕਟੋਰੇਟ ਨੂੰ ਭੇਜਣ ਲਈ ਪਾਬੰਦ ਕੀਤਾ ਜਾਵੇ।
2. ਰਾਜ ਦੇ ਸਮੂਹ ਸਰਕਾਰੀ ਸੀਨੀ. ਸੈਕੰ/ ਹਾਈ/ ~~ਮਿਡਲ~~/ ਪ੍ਰਾਈਵੇਟ ਏਡਿਡ/ ਪ੍ਰਾਈਵੇਟ ਸਕੂਲ ਮੁੱਖੀ।

5/9/14

**ਵਿਸ਼ੇਸ਼ ਕਾਰਜ ਅਫਸਰ (ਵਜੀਫਾ)**